# ਸਹੂਲਤਾਂ

1. ਪਸ਼ੂ-ਮੇਲਿਆਂ ਵਿਚ ਆਉਣ ਵਾਲੇ ਵਿਉਪਾਰੀਆਂ ਅਤੇ ਜਨਤਾ ਦੀ ਜਾਨ ਅਤੇ ਮਾਲ ਦੀ ਪੂਰੀ ਹਿਫਾਜਤ ਕੀਤੀ ਜਾਂਦੀ ਹੈ।
2. ਰਾਤ ਦੇ ਵੇਲੇ ਪੁਲਿਸ ਅਤੇ ਰੋਸ਼ਨੀ ਦਾ ਪੂਰ-ਪੂਰਾ ਪ੍ਰਬੰਧ ਕੀਤਾ ਜਾਂਦਾ ਹੈ।
3. ਵਿਉਪਰੀਆਂ ਨੂੰ ਮੇਲੇ ਦੇ ਦਿਨਾਂ ਵਿਚ ਰਹਿਣ ਲਈ ਤੰਬੂ ਮੁਫਤ ਦਿੱਤੇ ਜਾਂਦੇ ਹਨ ਅਤੇ ਪਸ਼ੂਆਂ ਲਈ ਹਰੇ ਸੁੱਕੇ ਚਾਰੇ ਤੇ ਪਾਣੀ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।
4. ਪੰਜਾਬ ਸਰਕਾਰ ਦੇ ਪਸ਼ੂ-ਮੇਲੇ ਜ਼ਿਆਦਾ ਤਰ ਰੇਲਵੇ ਸਟੇਸ਼ਨ ਅਤੇ ਪੱਕੀਆਂ ਸੜਕਾਂ ਦੇ ਨੇੜੇ ਹੋਣ ਚਕਾਰੀ ਤੋਂ ਬਚੇ ਰਹਿੰਦੇ ਹਨ।
5. ਜਨਤਾ ਦੇ ਮਨ ਪ੍ਰਚਾਵੇ ਲਈ ਜਲਸੇ ਵਾਲੇ ਨਕਲੀਏ, ਕਵੀਸ਼ਰ ਅਤੇ ਢੱਡ ਸਾਰੰਗੀ ਵਾਲੇ ਵੀ ਆਪਣੇ-ਆਪਣੇ ਅਖਾੜੇ ਲਾਉਂਦੇ ਹਨ।
6. ਵੱਡੇ-ਵੱਡੇ ਪਸ਼ੂ-ਮੇਲਿਆਂ ਵਿਚ ਚੰਗੀ ਨਸਲ ਦੇ ਪਸ਼ੂਆਂ ਦੇ ਮਾਲਕਾਂ ਨੂੰ ਇਨਾਮ ਦਿੱਤੇ ਜਾਂਦੇ ਹਨ।
7. ਪਸ਼ੂ-ਮੇਲਿਆਂ ਵਿਚ ਜਨਤਾ ਦੀ ਜਾਣਕਾਰੀ ਲਈ ਸਰਕਾਰ ਵਲੋਂ ਮੇਲਿਆਂ ਦੀਆਂ ਜੰਤਰੀਆਂ, ਜਿਨ੍ਹਾਂ ਵਿਚ ਪੰਜਾਬ ਰਾਜ ਵਿਚ ਲੱਗਣ ਵਾਲੇ ਪਸ਼ੂ-ਮੇਲਿਆਂ ਦੀਆਂ ਮੰਡੀਆ/ਤਿੱਥਾਂ ਦਰਜ ਹੁੰਦੀਆਂ ਹਨ, ਮੁਫਤ ਵੰਡੀਆਂ ਜਾਂਦੀਆਂ ਹਨ।